بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 02.06.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰਮਜ਼ਾਨ ਦਾ ਸਾਡੇ ਜੀਵਨ ਵਿੱਚ ਆਉਣਾ ਅਤੇ ਰੱਬ ਦਾ ਇਹ ਫ਼ਰਮਾਉਣਾ ਕਿ ਰਮਜ਼ਾਨ ਇਸ ਲਈ ਆਉਂਦਾ ਹੈ ਕਿ ਤੁਸੀਂ ਸੰਜਮਤਾ ਧਾਰਣ ਕਰੋ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹ ਫ਼ਰਮਾਉਣਾ ਕਿ ਇਸ ਜਮਾਤ ਨੂੰ ਰੱਬ ਨੇ ਸੰਜਮਤਾ ਲਈ ਹੀ ਕਾਇਮ ਕੀਤਾ ਹੈ । ਸਾਡੇ ਉਪੱਰ ਬਹੁਤ ਜ਼ਿੰਮੇਦਾਰੀਆਂ ਪਾਉਂਦਾ ਹੈ ਕਿ ਅਸੀਂ ਹਰ ਸਮੇਂ ਆਪਣੀਆਂ ਹਾਲਤਾਂ ਦਾ ਨਿਰੀਖਣ ਕਰਦੇ ਰਹੀਏ ਅਤੇ ਰੱਬ ਨੇ ਜੋ ਇਹ ਵਿਸ਼ੇਸ਼ ਮਿਹਰ ਦੇ ਦਿਨ ਰੱਖੇ ਹੋਏ ਹਨ ਇਹਨਾ ਵਿੱਚ ਆਪਣੇ ਅੰਦਰ ਅਜਿਹੀਆਂ ਪਵਿਤੱਰ ਤਬਦੀਲੀਆਂ ਪੈਦਾ ਕਰੋ ਅਤੇ ਆਪਣੇ ਅੰਦਰ ਤਕਵਾ (ਸੰਜਮਤਾ) ਦੇ ਮਿਆਰ ਨੂੰ ਅਜਿਹਾ ਵਧਾਉਣ ਦਾ ਜਤਨ ਕਰੋ ਜੋ ਰੱਬ ਸਾਡੇ ਕੋਲੋਂ ਚਾਹੁੰਦਾ ਹੈ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 2 ਜੂਨ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :**

يٰٓاَيُّهَا الَّذِيْنَ اٰمَنُوْا كُتِبَ عَلَيْكُمُ الصِّيَامُ كَمَا كُتِبَ عَلَى الَّذِيْنَ مِنْ قَبْلِكُمْ لَعَلَّكُمْ تَتَّقُوْنَ

ਹੇ, ਉਹ ਲੋਕੋ ! ਜੋ ਇਮਾਨ ਲਿਆਏ ਹੋ ਤੁਹਾਡੇ ਉਪੱਰ ਰੋਜ਼ੇ (ਵਰਤ) ਉਸੇ ਪ੍ਰਕਾਰ ਫ਼ਰਜ਼ ਕਰ ਦਿੱਤੇ ਗਏ ਹਨ ਜਿਵੇਂ ਤੁਹੇਡੇ ਤੋਂ ਪਹਿਲਾਂ ਲੋਕਾਂ ਉਪੱਰ ਫ਼ਰਜ਼ ਕਰ ਦਿੱਤੇ ਗਏ ਸਨ ਤਾਂ ਜੋ ਤੁਸੀਂ ਸੰਜਮਤਾ ਧਾਰਣ ਕਰੋ ।

ਅਲਹਮਦੁਲਿਲੱਾਹ ਕਿ ਸਾਨੂੰ ਆਪਣੇ ਜੀਵਨ ਵਿੱਚ ਇਕ ਹੋਰ ਰਮਜ਼ਾਨ ਦੇ ਮਹੀਨਿ ਵਿੱਚੋਂ ਲੰਘਣਾ ਨਸੀਬ ਹੋ ਰਿਹਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਨਿਸ਼ਚੇ ਹੀ ਸਵਰਗ ਨੂੰ ਰਮਜ਼ਾਨ ਲਈ ਸਾਲ ਦੇ ਅਰੰਭ ਤੋਂ ਲੈਕੇ ਅੰਤ ਤੱਕ ਸਜਾਇਆ ਜਾਂਦਾ ਹੈ । ਇਸੇ ਪ੍ਰਕਾਰ ਇਕ ਹੋਰ ਰਿਵਾਇਤ ਵਿੱਚ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਮਨੁੱਖ ਨੇ ਰਮਜ਼ਾਨ ਦੇ ਰੋਜ਼ੇ ਇਮਾਨ ਦੀ ਅਵਸਥਾ ਵਿੱਚ ਅਤੇ ਆਪਣੇ ਆਪੇ ਦੀ ਪੜਤਾਲ ਕਰਦਿਆਂ ਹੋਇਆਂ ਰੱਖੇ ਉਸ ਦੇ ਬੀਤੇ ਪਾਪ ਮਾਫ਼ ਕਰ ਦਿੱਤੇ ਜਾਣਗੇ ਅਤੇ

ਜੇਕਰ ਤੁਹਾਨੂੰ ਪਤਾ ਹੁੰਦਾ ਕਿ ਰਮਜ਼ਾਨ ਦੀਆਂ ਕੀ ਕੀ ਵੱਡਿਆਈਆਂ ਹਨ ਤਾਂ ਤੁਸੀਂ ਅਵਸ਼ ਇਸ ਗੱਲ ਦੇ ਇਛੁੱਕ ਹੁੰਦੇ ਕਿ ਸਾਰਾ ਸਾਲ ਹੀ ਰਮਜ਼ਾਨ ਹੋਵੇ ।

ਦੂਜੀ ਹਦੀਸ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਸਪਸ਼ਟ ਰੂਪ ਵਿੱਚ ਫ਼ਰਮਾਇਆ ਕਿ ਇਮਾਨ ਦੀ ਅਵਸਥਾ ਵਿੱਚ ਰੋਜ਼ਾ ਰਖੱਣ ਅਤੇ ਆਪਣੇ ਆਪੇ ਦਾ ਨਿਰੀਖਣ ਕਰਦਿਆਂ ਹੋਇਆਂ ਆਪਣੀਆ ਕਮਜ਼ੋਰੀਆਂ ਨੂੰ ਦੇਖਦਾ ਹੈ, ਆਪਣੇ ਕਰਮਾ ਨੂੰ ਦੇਖਦਾ ਹੈ, ਹਕੂਕੁਲੱਾਹ (ਰੱਬ ਦੇ ਹੱਕ) ਅਤੇ ਉਸਦੀ ਮਖ਼ਲੂਕ ਦੇ ਹੱਕ ਨੂੰ ਪੂਰਾ ਕਰਨ'ਤੇ ਗ਼ੌਰ ਕਰਦਾ ਹੈ ਆਪਣੇ ਕਰਮਾ ਨੂੰ ਰੱਬ ਦੀ ਰਜ਼ਾ ਅਨੁਸਾਰ ਕਰਨ ਦਾ ਜਤਨ ਕਰਦਾ ਹੈ ਤਾਂ ਫਿਰ ਹੀ ਪਾਪਾਂ ਦੀ ਮੁਆਫ਼ੀ ਵੀ ਹੁੰਦੀ ਹੈ ਅਤੇ ਰੋਜ਼ਿਆਂ ਤੋਂ ਇਹੋ ਮੰਤਵ ਪ੍ਰਾਪਤ ਕਰਨ ਦਾ ਰੱਬ ਨੇ ਕੁਰਆਨ ਕਰੀਮ ਵਿੱਚ ਵਰਨਣ ਕੀਤਾ ਹੈ । ਇਸ ਆਇਤ ਵਿੱਚ ਜੋ ਮੈਂ ਹੁਣੇ ਤਲਾਵਤ ਕੀਤੀ ਹੈ ਕਿ ਤੁਹਾਡੇ'ਤੇ ਰੋਜ਼ੇ ਇਸ ਲਈ ਫ਼ਰਜ਼ ਕੀਤੇ ਗਏ ਹਨ ਤਾਂ ਜੋ ਤੁਸੀਂ ਸੰਜਮਤਾ ਧਾਰਣ ਕਰੋ ਅਤੇ ਸੰਜਮਤਾ ਇਹੋ ਹੈ ਕਿ ਹਰ ਕੰਮ ਰੱਬ ਦੀ ਰਜ਼ਾ ਲਈ ਹੋਵੇ ਫਿਰ ਹੀ ਤੁਸੀਂ ਰੋਜ਼ਿਆਂ ਤੋਂ ਲਾਭਵੰਤ ਹੋ ਸਕਦੇ ਹੋ ਅਤੇ ਸ਼ੈਤਾਨੀ ਹਮਲਿਆਂ ਤੋਂ ਬੱਚ ਸਕਦੇ ਹੋ ਵਰਨਾ ਸ਼ੈਤਾਨ ਦਾ ਇਹ ਖੁਲੱਾ ਚੈਲੰਜ ਹੈ ਕਿ ਮਨੁੱਖ ਰੱਬ ਦੀ ਪਨਾਹ'ਚੋਂ ਰਤਾ ਦੂਰ ਹੋਵੇ ਤਾਂ ਝੱਟ ਆਣ ਦਬੋਚਿਆ । ਸੋ ਇਮਾਨ ਵਿੱਚ ਤਰੱਕੀ ਅਤੇ ਆਪੇ ਦਾ ਨਿਰੀਖਣ ਹੀ ਮਨੁੱਖ ਨੂੰ ਰੱਬ ਦੀ ਪਨਾਹ ਦਾ ਸਬਬ ਬਣਾਉਂਦਾ ਹੈ ਅਤੇ ਇਹ ਫਿਰ ਹੀ ਹੋ ਸਕਦਾ ਹੈ ਜੱਦ ਮਨੁੱਖ ਸੰਜਮਤਾ ਉਪੱਰ ਚਲੱਣ ਵਾਲਾ ਹੋਵੇ ।

ਇਮਾਨ ਦੀ ਅਵਸਥਾ ਤੇ ਮਿਆਰ ਅਤੇ ਸੰਜਮਤਾ ਦੀ ਅਵਸਥਾ ਤੇ ਮਿਆਰ ਕੀ ਹੋਣੇ ਚਾਹੀਦੇ ਹਨ ਅਤੇ ਇਹ ਕਿਵੇਂ ਹਾਸਲ ਹੋ ਸਕਦੇ ਹਨ ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦੱਸਿਆ ਕਿ ਇਮਾਨ ਦੀ ਅਵਸਥਾ ਉਸ ਸਮੇਂ ਤੱਕ ਨਹੀਂ ਹੋ ਸਕਦੀ ਜੱਦ ਤੱਕ ਕਿ ਰੱਬ ਦੀ ਪਛਾਣ ਨ ਹੋਵੇ । ਆਪ ਨੇ ਫ਼ਰਮਾਇਆ ਕਿ ਵਡੱਾ ਪੜਾਅ ਜੋ ਅਸੀਂ ਪਾਰ ਕਰਨਾ ਹੈ ਉਹ ਰੱਬ ਦੀ ਪਛਾਣ ਹੈ ਉਸ ਨੂੰ ਪਛਾਨਣਾ ਹੈ ਅਤੇ ਜੇਕਰ ਸਾਡੀ ਰੱਬ ਦੀ ਪਛਾਣ ਨਾਕਸ, ਕਮਜ਼ੋਰ, ਸ਼ੰਕਾ ਭਰਪੂਰ ਤੇ ਧੁੰਧਲੀ ਹੈ ਤਾਂ ਸਾਡਾ ਇਮਾਨ ਕਦੇ ਵੀ ਰੋਸ਼ਨ ਤੇ ਚਮਕਦਾਰ ਨਹੀਂ ਹੋ ਸਕਦਾ । ਅਤੇ ਰੱਬ ਦੀ ਪਛਾਣ ਕਿਵੇਂ ਹੋਵੇਗੀ ? ਇਹ ਰੱਬ ਦੇ ਗੁਣ ਰਹਿਮ ਦੇ ਜਲਵੇ ਨਾਲ ਹੋਵੇਗੀ । ਅਜਿਹਾ ਸੰਬੰਧ ਰੱਬ ਨਾਲ ਪੈਦਾ ਕਰਨ ਨਾਲ ਹੋਵੇਗਾ ਜਿਸ ਵਿੱਚ ਰੱਬ ਦੇ ਰਹਿਮ ਕਰਨ, ਮਿਹਰ ਕਰਨ ਤੇ ਕੁਦਰਤ ਦੇ ਗੁਣ ਸਾਡੇ ਤਜਰਬੇ ਵਿੱਚ ਆਉਣਗੇ ਅਤੇ ਇਹ ਗਲੱਾਂ ਉਸ ਸਮੇਂ ਤਜਰਬੇ ਵਿੱਚ ਆ ਸਕਦੀਆਂ ਹਨ ਜੱਦ ਰੱਬ ਦੀ ਇਬਾਦਤ ਅਤੇ ਉਸ ਨਾਲ ਗੂੜ੍ਹ ਸੰਬੰਧ ਦਾ ਪ੍ਰਗਟਾਵਾ ਹੋ ਰਿਹਾ ਹੋਵੇ । ਆਪ ਨੇ ਫ਼ਰਮਾਇਆ ਕਿ ਰੱਬ ਦੇ ਰਹਿਮ, ਮਿਹਰ ਅਤੇ ਕੁਦਰਤ ਦੇ ਗੁਣ ਜੱਦ ਤਜਰਬੇ ਵਿੱਚ ਆਉਂਦੇ ਹਨ ਤਾਂ ਫਿਰ ਉਹ ਭੌਤਕ ਭਾਵਨਵਾਂ ਤੋਂ ਛੁਡਾਉਂਦੀਆਂ ਹਨ ਅਤੇ ਭੌਤਕ ਭਾਵਨਾਵਾਂ ਇਮਾਨ ਦੀ ਕਮਜ਼ੋਰੀ ਅਤੇ ਵਿਸ਼ਵਾਸ ਦੀ ਕਮਜ਼ੋਰੀ ਕਰਕੇ ਪੈਦਾ ਹੁੰਦੀਆਂ ਹਨ । ਜੇਕਰ ਇਮਾਨ ਕਮਜ਼ੋਰ ਨ ਹੋਵੇ ਰੱਬ ਉਪੱਰ ਕਾਮਲ ਭਰੋਸਾ ਹੋਵੇ ਤਾਂ ਭੌਤਕ ਭਾਵਨਾਵਾਂ ਪੈਦਾ ਨਹੀਂ ਹੁੰਦੀਆਂ । ਆਪ ਨੇ ਫ਼ਰਮਾਇਆ ਕਿ ਇਸ ਦੁਨੀਆਂ ਦੀ ਵਿਲਾਸਤਾ, ਇਸ ਦੀਆਂ ਐਸ਼ਾਂ, ਇਸ ਦੇ ਧੰਨ ਦੌਲਤ ਜਿੰਨ੍ਹੇ ਮਨੁੱਖ ਨੂੰ ਪਿਆਰੇ ਹਨ ਉਨ੍ਹੇ ਪਰਲੈ ਦੇ ਜੀਵਨ ਦੀਆਂ ਨੇਮਤਾ ਉਸ ਨੂੰ ਪਿਆਰੀ ਨਹੀਂ ਹਨ ਕਿਉਂਕਿ ਜੇਕਰ ਪਰਲੈ ਦੇ ਜੀਵਨ ਦੀਆਂ ਨੇਮਤਾਂ ਵੀ ਉਨ੍ਹੀਆਂ ਹੀ ਪਿਆਰੀਆਂ ਹੁੰਦੀਆਂ ਤਾਂ ਫਿਰ ਉਹਨਾਂ ਨੂੰ ਹਾਸਲ ਕਰਨ ਲਈ ਵੀ ਉਨ੍ਹੇ ਹੀ ਜਤਨ ਹੁੰਦੇ ਜਿੰਨ੍ਹੇ ਇਹਨਾ ਸੰਸਾਰਕ ਚੀਜਾਂ ਨੂੰ ਹਾਸਲ ਕਰਨ ਲਈ ਕਰਨੇ ਹੁੰਦੇ ਹਨ, ਸਗੋਂ ਇਸ ਤੋਂ ਵੀ ਵੱਧਕੇ । ਸੋ,

ਸਪਸ਼ਟ ਹੋਇਆ ਕਿ ਰੱਬ ਦੀ ਕੁਦਰਤ ਅਤੇ ਰਹਿਮ ਤੇ ਵਾਦਿਆਂ ਉਪੱਰ ਹਕੀਕੀ ਇਮਾਨ ਨਹੀਂ ਹੈ ਅਤੇ ਇਸ ਗੱਲ ਦਾ ਜਾਇਜ਼ਾ ਲੈਂਣ ਦੀ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਪਸ਼ਟੀਕਰਣ ਦੇ ਬਾਦ ਇਹ ਗੱਲ ਚੰਗੀ ਤਰ੍ਹਾਂ ਸਮਝ ਆ ਸਕਦੀ ਹੈ ਕਿ ਇਮਾਨ ਕੋਈ ਸਾਧਾਰਣ ਗੱਲ ਨਹੀਂ ਹੈ । ਇਹ ਬਹੁਤ ਵੱਡੀ ਚੀਜ਼ ਹੈ, ਇਕ ਬਹੁਤ ਵਡੱਾ ਟਾਰਗਟ ਹੈ ਜੋ ਸਾਨੂੰ ਦਿਤੱਾ ਗਿਆ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ : ਗੱਲ ਇਹ ਹੈ ਕਿ ਰੱਬ'ਤੇ ਇਮਾਨ ਦੋ ਪ੍ਰਕਾਰ ਦਾ ਹੈ ਇਕ ਉਹ ਇਮਾਨ ਜੋ ਕੇਵਲ ਮੂੰਹ ਤੱਕ ਸੀਮਤ ਹੈ ਅਤੇ ਉਸ ਦਾ ਪ੍ਰਭਾਵ ਕੰਮਾ ਤੇ ਕਰਮਾ ਉਪੱਰ ਕੁਝ ਨਹੀਂ ਹੁੰਦਾ । ਦੂਜੀ ਪ੍ਰਕਾਰ ਦਾ ਰੱਬ'ਤੇ ਇਮਾਨ ਇਹ ਹੈ ਕਿ ਕਰਮ ਰੂਪੀ ਗਵਾਹੀਆਂ ਉਸ ਦੇ ਨਾਲ ਹੁੰਦੀਆਂ ਹਨ । ਸੋ, ਜੱਦ ਤੱਕ ਇਹ ਦੂਜੀ ਪ੍ਰਕਾਰ ਦਾ ਇਮਾਨ ਪੈਦਾ ਨ ਹੋਵੇ, ਮੈਂ ਨਹੀਂ ਕਹਿ ਸਕਦਾ ਕਿ ਇਕ ਮਨੁੱਖ ਰੱਬ ਨੂੰ ਮਨ੍ਹਦਾ ਹੈ । ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆਉਂਦੀ ਕਿ ਇਕ ਵਿਅਕਤੀ ਰੱਬ ਨੂੰ ਮੰਨ੍ਹਦਾ ਵੀ ਹੋਵੇ ਅਤੇ ਫਿਰ ਪਾਪ ਵੀ ਕਰਦਾ ਹੋਵੇ । ਸੰਸਾਰ ਦਾ ਬਹੁਤ ਵਡੱਾ ਭਾਗ ਪਹਿਲੀ ਪ੍ਰਕਾਰ ਦੇ ਮੰਨ੍ਹਣ ਵਾਲਿਆਂ ਦਾ ਹੈ ਮੈਂ ਜਾਣਦਾ ਹਾਂ ਕਿ ਉਹ ਲੋਕ ਇਕਰਾਰ ਕਰਦੇ ਹਨ ਕਿ ਅਸੀਂ ਰੱਬ ਨੂੰ ਮੰਨ੍ਹਦੇ ਹਾਂ ਪਰ ਨਾਲ ਉਹ ਦੁਨੀਆਂ ਦੀਆਂ ਗੰਦਗੀਆਂ ਵਿੱਚ ਗ੍ਰਿੱਸੇ ਹੋਏ ਅਤੇ ਪਾਪ ਦੀ ਦੂਸ਼ਣਤਾ ਤੋਂ ਭਰੇ ਹੋਏ ਹਨ । ਫ਼ਰਮਾਇਆ ਫਿਰ ਉਹ ਕੀ ਗੱਲ ਹੈ ਕਿ ਉਹ ਵਿਸ਼ੇਸ਼ਤਾ ਜੋ ਰੱਬ'ਤੇ ਇਮਾਨ ਦੀ ਹੈ ਉਸ ਨੂੰ ਹਾਜ਼ਰ ਨਾਜ਼ਰ ਜਾਣਕੇ ਪੈਦਾ ਨਹੀਂ ਹੁੰਦੀ ? ਫਰਮਾਇਆ ਕਿ ਮਨੁੱਖ ਦੇ ਸੁਭਾਵ ਵਿੱਚ ਇਹ ਗੱਲ ਹੈ ਕਿ ਉਹ ਜਿਸ ਚੀਜ਼'ਤੇ ਇਮਾਨ ਲਿਆਉਂਦਾ ਹੈ ਉਸ ਦੇ ਹਾਣ ਤੋਂ ਬਚਣ ਅਤੇ ਉਸ ਦਾ ਲਾਭ ਨੂੰ ਲੈਂਣਾ ਚਾਹੁੰਦਾ ਹੈ, ਦੇਖੋ 'ਸੰਖਿਆ' ਇਕ ਵਿਸ਼ ਹੈ ਅਤੇ ਮਨੁੱਖ ਜੱਦ ਕਿ ਜਾਣਦਾ ਹੈ ਕਿ ਇਸ ਦੀ ਇਖ ਰੱਤੀ ਵੀ ਮਾਰਨ ਨੂੰ ਬਹੁਤ ਹੈ ਤਾਂ ਕਦੇ ਵੀ ਉਹ ਉਸ ਨੂੰ ਖਾਣ ਲਈ ਦਲੇਰੀ ਨਹੀਂ ਕਰਦਾ, ਇਸ ਲਈ ਕਿ ਉਹ ਜਾਣਦਾ ਹੈ ਇਸ ਦਾ ਖਾਣਾ ਹਲਾਕ ਹੋਣਾ ਹੈ ਫਿਰ ਕਿਉਂ ਉਹ ਰੱਬ ਨੂੰ ਮੰਨ੍ਹਕੇ ਉਹਨਾਂ ਸਿੱਟਿਆਂ ਨੂੰ ਪੈਦਾ ਨਹੀਂ ਕਰਦਾ ਕਿ ਜੋ ਰੱਬ'ਤੇ ਇਮਾਨ ਦੇ ਹਨ । ਫ਼ਰਮਾਇਆ ਕਿ ਜੇਕਰ ਸੰਖਿਆ ਬਰਾਬਰ ਵੀ ਰੱਬ'ਤੇ ਇਮਾਨ ਹੋਵੇ ਤਾਂ ਉਸ ਦੀਆਂ ਭਾਵਨਾਵਾਂ ਤੇ ਜੋਸ਼ਾਂ'ਤੇ ਮੌਤ ਛਾ ਜਾਵੇਗੀ, ਪਰ ਨਹੀਂ । ਸੋ, ਪਹਿਲਾ ਫ਼ਰਜ਼ ਮਨੁੱਖ ਦਾ ਇਹ ਹੈ ਕਿ ਉਹ ਆਪਣੇ ਇਸ ਇਮਾਨ ਨੂੰ ਠੀਕ ਕਰੇ ਜੋ ਉਹ ਰੱਬ'ਤੇ ਰਖੱਦਾ ਹੈ ਅਰਥਾਤ ਉਸ ਨੂੰ ਆਪਣੇ ਅਮਲਾਂ ਰਾਹੀਂ ਕਰ ਦਿਖਾਏ ਕਿ ਕੋਈ ਕਰਮ ਅਜਿਹਾ ਉਸ ਤੋਂ ਨ ਵਾਪਰੇ ਜੋ ਰੱਬ ਦੀ ਸ਼ਾਨ ਅਤੇ ਉਸ ਦੇ ਆਦੇਸ਼ਾਂ ਦੇ ਵਿਰੁਧ ਹੋਵੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਇਕ ਮੋਮਨ ਦੇ ਨਿਰੀਖਣ ਦਾ ਤਰੀਕਾ ਹੈ । ਰਮਜ਼ਾਨ ਦੇ ਮਹੀਨੇ ਵਿੱਚ ਇਕ ਵਿਸ਼ੇਸ਼ ਮਾਹੌਲ ਬਣਿਆ ਹੁੰਦਾ ਹੈ ਅਤੇ ਇਬਾਦਤਾਂ ਅਤੇ ਨੇਕੀਆਂ ਵੱਲ ਧਿਆਨ ਪੈਦਾ ਹੋ ਰਿਹਾ ਹੁੰਦਾ ਹੈ । ਅਜਿਹੇ ਮਾਹੌਲ ਵਿੱਚ ਇਬਾਦਤਾਂ ਅਤੇ ਨੇਕੀਆਂ ਵੱਲ ਧਿਆਨ ਦਿੰਦਿਆਂ ਹੋਇਆਂ ਆਪਣੇ ਅਮਲਾਂ ਵੱਲ ਧਿਆਨ ਕਰਦਿਆਂ ਹੋਇਆ ਸਾਨੂੰ ਆਪਣੇ ਰੱਬ ਅੱਗੇ ਝੁਕਦਿਆਂ ਹੋਇਆਂ ਪਾਪਾਂ ਦੀ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਫਿਰ ਇਫ ਰਮਜ਼ਾਨ ਨੂੰ ਭਵਿੱਖ ਦੇ ਜੀਵਨ ਦਾ ਅਟੁਟ ਅੰਗ ਬਣਾ ਲੈਂਣਾ ਚਾਹੀਦਾ ਹੈ ।

ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹ ਫ਼ਰਮਾਇਆ ਕਿ ਇਮਾਨ ਦੀ ਹਾਲਤ ਅਤੇ ਆਪਣਾ ਆਤਮ ਨਿਰੀਖਣ ਕਰਦਿਆਂ ਹੋਇਆਂ ਰਮਜ਼ਾਨ ਲੰਘਾਇਆ ਤਾਂ ਇਸ ਦਾ ਅਰਥ ਹੀ ਇਹ ਹੈ ਕਿ ਸੰਜਮਤਾ

ਵਿੱਚ ਤਰੱਕੀ ਕਰਦਿਆਂ ਹੋਇਆਂ ਆਪਣੀਆਂ ਹਾਲਤਾਂ ਨੂੰ ਰੱਬ ਦੀ ਰਜ਼ਾ ਦੇ ਅਧੀਨ ਕਰਦਿਆਂ ਹੋਇਆਂ ਇਹ ਦਿਨ ਲੰਘਾਓ ਅਤੇ ਜੇਕਰ ਇਸ ਵਿੱਚੋਂ ਸਫ਼ਲ ਲੰਘ ਗਏ ਤਾਂ ਫਿਰ ਸੰਜਮਤਾ ਜੀਵਨ ਦਾ ਪਕੱ ਹਿਸੱਾ ਬਣ ਜਾਏਗਾ । ਆਪਣੀ ਅਮਲ ਰੂਪੀ ਅਵਸਥਾ ਨੂੰ ਮਨੁੱਖ ਕੇਵਲ ਰਮਜ਼ਾਨ ਵਿੱਚ ਹੀ ਠੀਕ ਨਹੀਂ ਕਰੇਗਾ ਸਗੋਂ ਇਹ ਫ਼ੈਜ਼ ਜਾਰੀ ਰਹੇਗਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਮ ਨੇ ਇਸ ਵੱਲ ਸਾਨੂੰ ਧਿਆਨ ਦੁਆਉਦਿਆਂ ਹੋਇਆਂ ਫ਼ਰਮਾਇਆ ਕਿ ਕੁਰਆਨ ਕਰੀਮ ਤੇ ਇਸਲਾਮ ਦੀ ਸਿੱਖਿਆ ਦਾ ਉਦੇਸ਼ ਤਾਂ ਸੰਜਮਾਤਾ ਪੈਦਾ ਕਰਨਾ ਹੀ ਸੀ, ਉਹੋ ਹੀ ਸਾਨੂੰ ਅੱਜ ਦਿਖਾਈ ਨਹੀਂ ਦਿੰਦਾ । ਰੋਜ਼ੇ ਰਖੱਦੇ ਹਨ, ਨਮਾਜ਼ਾਂ ਪੜ੍ਹਦੇ ਹਨ ਪਰ ਸੰਜਮਤਾ ਤੋਂ ਸਖੱਣੇ ਹੋਣ ਕਰਕੇ ਇਹੋ ਨਮਾਜ਼ਾਂ ਤੇ ਰੋਜੇ ਉਹਨਾਂ ਨੂੰ ਪਾਪੀ ਬਣਾ ਰਹੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸਲਾਮ ਦੇ ਨਾਂ'ਤੇ ਜੋ ਅੱਜ ਕੱਲ ਅਸੀਂ ਦੇਖਦੇ ਹਾਂ ਆਤੰਕ ਹੋ ਰਹਾ ਹੈ, ਨਿਰਦੋਸ਼ਾਂ ਨੂੰ ਮਾਰਿਆ ਜਾ ਰਿਹਾ ਹੈ ਇਹ ਇਸ ਲਈ ਹੈ ਕਿ ਸੰਜਮਤਾ ਨਹੀਂ ਰਹੀ । ਅਜਿਹੇ ਲੋਕਾਂ ਨੂੰ ਰਮਜ਼ਾਨ ਕਿਵੇਂ ਲਾਭ ਦੇ ਸਕਦਾ ਹੈ ਜੋ ਸੰਜਮਤਾ ਤੋਂ ਸਖੱਣੇ ਹਨ, ਜੋ ਰੱਬ ਅਤੇ ਉਸ ਦੇ ਰਸੂਲ ਦੇ ਨਾਂ'ਤੇ ਅਤਿਅਚਾਰ ਕਰਦੇ ਹਨ ਉਹ ਕਦੇ ਵੀ ਰਮਜ਼ਾਨ ਤੋਂ ਲਾਭ ਉਠਾਉਣ ਵਾਲੇ ਨਹੀਂ ਹੋ ਸਕਦੇ ਸਗੋਂ ਰੱਬ ਦੀ ਪਕੜ ਵਿੱਚ ਆਉਣ ਵਾਲੇ ਹਨ । ਸੋ, ਅਜਿਹੇ ਸਮੇਂ ਜੱਦ ਜ਼ੁਲਮ ਤੇ ਅਤਿਚਾਰ ਦੀਆਂ ਅਜਿਹੀਆਂ ਘਟਨਾਵਾਂ ਸੁਣਦੇ ਅਤੇ ਦੇਖਦੇ ਹਾਂ ਤਾਂ ਅਸੀਂ ਅਹਮਦੀਆ ਨੂੰ ਪਹਿਲਾਂ ਤੋਂ ਵਧੱਕੇ ਅਸਤਗ਼ਫ਼ਾਰ ਕਰਦਿਆਂ ਹੋਇਆਂ ਰੱਬ ਦੀ ਹਮਦ (ਉਸਤਤੀ) ਕਰਦਿਆਂ ਹੋਇਆਂ ਕਿ ਉਸ ਨੇ ਸਾਨੂੰ ਉਹਨਾਂ ਜ਼ਾਲਮਾਂ ਤੋਂ ਅੱਡ ਕਰਕੇ ਹਜ਼ਰਤ ਮਸੀਹਮ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਣ ਦਾ ਸੰਜੋਗ ਪ੍ਰਦਾਨ ਕੀਤਾ ਹੈ । ਆਪਣੇ ਅਮਲਾਂ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ ਆਪਣੇ ਇਮਾਨ ਦੀ ਦ੍ਰਿੜ੍ਹਤਾ ਦੀ ਚਿੰਤਾ ਕਰਨੀ ਚਾਹੀਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਇਮਾਨ ਦੀ ਜੜ੍ਹ ਸੰਜਮਤਾ ਅਤੇ ਪਵਿੱਤਰਤਾ ਹੈ, ਇਸੇ ਤੋਂ ਇਮਾਨ ਸ਼ੁਰੂ ਹੁੰਦਾ ਹੈ ਅਤੇ ਇਸੇ ਰਾਹੀਂ ਸਿੰਚਾਈ ਹੁੰਦੀ ਹੈ ਅਤੇ ਭੌਤਕ ਭਾਵਨਾਵਾਂ ਦੱਬੀਆਂ ਜਾਂਦੀਆਂ ਹਨ । ਸੋ, ਆਪ ਦੇ ਇਸ ਫ਼ਰਮਾਨ ਤੋਂ ਇਹ ਗੱਲ ਹੋਰ ਖੁੱਲ ਗਈ ਕਿ ਇਮਾਨ ਸੰਜਮਤਾ ਤੋਂ ਬਿਨਾ ਪੈਦਾ ਹੋ ਹੀ ਨਹੀਂ ਸਕਦਾ ਅਤੇ ਨ ਕੇਵਲ ਇਹ ਕਿ ਇਮਾਨ ਦੀ ਜੜ੍ਹ ਸੰਜਮਤਾ ਹੈ ਸਗੋਂ ਇਮਾਨ ਦੀ ਸੁਰੱਖਿਆ ਅਤੇ ਪਾਲਣਾ ਵੀ ਸੰਜਮਤਾ ਦੇ ਬਿਨਾ ਨਹੀਂ ਹੋ ਸਕਦੀ । ਸੰਜਮਤਾ ਹੋਵੇਗੀ ਤਾਂ ਅਮਲ ਨੇਕ ਹੋਣਗੇ ਅਤੇ ਅਮਲ ਨੇਕ ਹੋਣਗੇ ਤੇ ਰੱਬ ਦੀ ਰਜ਼ਾ ਅਨੁਸਾਰ ਹੋਣਗੇ ਤਾਂ ਇਮਾਨ ਵਿੱਚ ਤਰੱਕੀ ਪੈਦਾ ਹੋਵੇਗੀ । ਇਸ ਤੋਂ ਇਹ ਵੀ ਸਪਸ਼ਟ ਹੋ ਗਿਆ ਕਿ ਰਮਜ਼ਾਨ ਦੀ ਵੱਡਿਆਈ ਦੇ ਫਲ ਵੀ ਸੰਜਮਤਾ ਵਿੱਚ ਵਧੇ ਬਿਨਾਂ ਹਾਸਲ ਨਹੀਂ ਹੋ ਸਕਦੇ । ਸੰਜਮਤਾ ਵਧੇਗੀ ਤਾਂ ਇਮਾਨ ਵਧੇਗਾ । ਆਤਮ ਨਿਰੀਖਣ ਵੱਲ ਧਿਆਨ ਹੋਵੇਗਾ ਅਤੇ ਜੱਦ ਨਿਰੀਖਣ ਵੱਲ ਧਿਆਨ ਹੋਵੇਗਾ ਮਨੁੱਖ ਆਪਣਾ ਜਾਇਜ਼ਾ ਲਏਗਾ ਤਾਂ ਫਿਰ ਭੌਤਕ ਭਾਵਨਾਵਾਂ ਦਬਣਗੀਆਂ ਅਤੇ ਭੌਤਕ ਭਾਵਨਵਾਂ ਦਾ ਦਬੱਣਾ ਹੀ ਰੱਬ ਦੇ ਅਦੇਸ਼ਾਂ ਉਪੱਰ ਅਮਲ ਕਰਦਿਆਂ ਹੋਇਆ ਨੇੜਤਾ ਬਖ਼ਸ਼ਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕਿ ਅਸਲ ਤਕਵਾ (ਸੰਜਮਤਾ) ਜਿਸ ਨਾਲ ਮਨੁੱਖ ਧੋਤਾ ਜਾਂਦਾ ਹੈ ਅਤੇ ਸਾਫ਼ ਹੁੰਦਾ ਹੈ ਅਤੇ ਜਿਸ ਕਾਰਜ ਲਈ ਨਬੀ ਆਉਂਦੇ ਹਨ ਉਹ ਦੁਨੀਆ ਵਿੱਚੋਂ ਉਠ ਗਿਆ ਹੈ ਸਫ਼ਾਈ ਤੇ ਪਵਿੱਤਰਤਾ ਉਤੱਮ ਸ਼ੈ ਹੈ । ਮਨੁੱਖ ਸਾਫ਼ ਤੇ ਪਵਿੱਤਰ ਹੋਵੇ ਤਾਂ ਫ਼ਰਿਸ਼ਤੇ ਮੁਸਾਫ਼ਹ (ਹੱਥ ਮਿਲਾਉਂਦੇ ਹਨ) ਕਰਦੇ ਹਨ ਲੋਕਾਂ ਵਿੱਚ ਇਸ ਦੀ ਕਦਰ ਨਹੀਂ ਹੈ ਵਰਨਾ ਉਹਨਾਂ ਦੇ ਆਨੰਦ ਦੀ ਹਰ ਚੀਜ਼

ਹਲਾਲ ਸਾਧਨਾ ਰਾਹੀਂ ਉਹਨਾਂ ਨੂੰ ਮਿਲੇ । ਆਪ ਨੇ ਫ਼ਰਮਾਇਆ ਕਿ ਹਦੀਸ ਵਿੱਚ ਆਉਂਦਾ ਹੈ ਕਿ ਚੋਰ ਚੋਰੀ ਨਹੀਂ ਕਰਦਾ ਜੱਦ ਕੋਈ ਮੋਮਨ ਹੋਵੇ । ਇਹ ਬਿਲਕੁਲ ਸੱਚੀ ਗੱਲ ਹੈ । ਬਕਰੀ ਦੇ ਸਿਰ'ਤੇ ਜੇਕਰ ਸ਼ੇਰ ਹੋਵੇ ਤਾਂ ਉਸ ਨੂੰ ਹਲਾਲ ਖਾਣਾ ਵੀ ਭੁਲ ਜਾਂਦਾ ਹੈ ਬਜਾਏ ਇਹ ਕਿ ਉਹ ਕਿਸੇ ਦੂਜੇ ਖੇਤ ਵਿੱਚ ਜਾਏ । ਇਸੇ ਤਰ੍ਹਾਂ ਰੱਬ ਦਾ ਖ਼ੌਫ਼ ਹੋਵੇ ਤਾਂ ਸੰਭਵ ਨਹੀਂ ਕਿ ਪਾਪ ਕਰੇ । ਫ਼ਰਮਾਉਂਦੇ ਹਨ ਕਿ ਅਸਲ ਜੜ੍ਹ ਅਤੇ ਉਦੇਸ਼ ਤਕਵਾ (ਸੰਜਮਤਾ) ਹੈ ਜਿਸਨੂੰ ਉਹ ਪ੍ਰਾਪਤ ਹੋਇਆ ਤਾਂ ਉਹ ਸਭ ਕੁਝ ਪਾ ਸਕਦਾ ਹੈ । ਇਸ ਦੇ ਬਿਨਾ ਸੰਭਵ ਨਹੀਂ ਮਨੁੱਖ ਛੋਟੇ ਤੇ ਵੱਡੇ ਤੋਂ ਬੱਚ ਸਕੇ । ਫ਼ਰਮਾਇਆ ਕਿ ਮਨੁੱਖ ਆਪ ਨੂੰ ਇਕਲੱਾ ਸਮਝਕੇ ਪਾਪ ਕਰਦਾ ਹੈ, ਜੱਦ ਇਕਲੱਾ ਸਮਝਦਾ ਹੈ ਤਾਂ ਸਪਸ਼ਟ ਹੈ ਕਿ ਉਹ ਸਮਝਦਾ ਹੈ ਕਿ ਰੱਬ ਮੈਨੂੰ ਨਹੀਂ ਦੇਖ ਰਿਹਾ ਤਾਂ ਅਰਥ ਇਹ ਹੈ ਕਿ ਉਹ ਨਾਸਤਕ ਹੁੰਦਾ ਹੈ ਉਸ ਸਮੇਂ ਅਤੇ ਇਹ ਵਿਚਾਰ ਨਹੀਂ ਕਰਦਾ ਕਿ ਮੇਰਾ ਰੱਬ ਮੇਰੇ ਨਾਲ ਹੈ ਉਹ ਮੈਨੂੰ ਦੇਖਦਾ ਹੈ ਵਰਨਾ ਉਹ ਜੇਕਰ ਇਹ ਸਮਝਦਾ ਤਾਂ ਕਦੇ ਵੀ ਪਾਪ ਨ ਕਰਦਾ । ਫ਼ਰਮਾਉਂਦੇ ਹਨ ਹਰ ਚੀਜ਼ ਤਕਵਾ'ਤੇ (ਸੰਜਮਤਾ) ਹੀ ਅਧਾਰਤ ਹੈ । ਕੁਰਆਨ ਕਰੀਮ ਨੇ ਅਰੰਭ ਇਸੇ ਤੋਂ ਕੀਤਾ ਹੈ । ( اياك نعبد واياك نستعين۔ ) ਇਯੱਾਕਾ ਨਾਬੁਦੁ ਵ ਇਯੱਾਕਾ ਨਸਤਾਈਨ' ਤੋਂ ਭਾਵ ਵੀ ਤਕਵਾ ਹੈ, ਕਿ ਮਨੁੱਖ ਜੇਕਰ ਅਮਲ ਕਰਦਾ ਹੈ ਪਰ ਖੌਫ਼ ਨਾਲ ਜੁਰੱਤ ਨਹੀਂ ਕਰਦਾ ਕਿ ਉਸ ਨੂੰ ਆਪਣੇ ਵੱਲ ਮੜ੍ਹੇ ਅਤੇ ਉਸਨੂੰ ਰੱਬ ਦੀ ਮਦਦ ਵਿਚਾਰਦਾ ਹੈ ਅਤੇ ਇਯੱਾਕਾ ਨਸਤਾਈਨ ਕਹਿ ਦਿੰਦਾ ਹੈ ਕਿ ਇਹ ਇਬਾਦਤ ਜੋ ਹੈ ਇਹ ਵੀ ਤੇਰੀ ਮਦਦ ਕਰਕੇ ਹੀ ਹੋ ਰਹੀ ਹੈ ਤੂੰ ਤੌਫ਼ੀਕ ਦੇ ਰਿਹਾ ਹੈਂ ਤਾਂ ਇਬਾਦਤ ਹੋ ਰਹੀ ਹੈ ਵਰਨਾ ਇਹ ਇਬਾਦਤ ਨਹੀਂ ਹੋ ਸਕਦੀ । ਅਤੇ ਫਿਰ ਭਵਿੱਖ ਲਈ ਵੀ ਮਦਦ ਮੰਗਦਾ ਹੈ ਕਿ ਭਵਿੱਖ ਵਿੱਚ ਵੀ ਰੱਬ ਤੌਫ਼ੀਕ ਦੇਵੇ ਕਿ ਇਬਾਦਤ ਦੀ ਤੌਫ਼ੀਕ ਮਿਲਦੀ ਰਹੇ । ਸੋ, ਇਹ ਹੈ ਤਕਵਾ (ਸੰਜਮਤਾ) ਦਾ ਮਿਆਰ । ਫਿਰ ਫ਼ਰਮਾਇਆ ਕਿ ਦੂਜੀ ਸੂਰਤ ਵੀ 'ਹੁਦਨ ਲਿਲਮੁਤੱਾਕੀਨ' ਤੋਂ ਅਰੰਭ ਹੁੰਦੀ ਹੈ । ਆਪ ਫ਼ਰਮਾਉਂਦੇ ਹਨ ਕਿ ਨਮਾਜ਼ ਰੋਜ਼ਾ ਜ਼ਕਾਤ ਆਦਿ ਸਭ ਉਸ ਸਮੇਂ ਕੁਬੂਲ ਹੁੰਦਾ ਹੈ ਜੱਦ ਮਨੁੱਖ ਮੁਤੱਕੀ (ਸੰਜਮੀ) ਹੋਵੇ । ਸੋ ਤਕਵਾ ਹੋਵੇਗਾ ਤਾਂ ਇਹ ਚੀਜ਼ਾਂ ਕੁਬੂਲ ਹੋਣਗੀਆਂ । ਜੇਕਰ ਤਕਵਾ ਨਹੀਂ ਤਾਂ ਇਹ ਚੀਜ਼ਾ ਵੀ ਪਰਵਾਨ ਯੋਗ ਨਹੀਂ । ਆਪ ਫ਼ਰਮਾਉਂਦੇ ਹਨ ਕੁਰਆਨ ਸ਼ਰੀਫ਼ ਵਿੱਚ ਇਹ ਆਇਤ ਹੈ ਕਿ ( إِنَّ الَّذِينَ قَالُوا رَبُّنَا اللَّهُ ثُمَّ اسْتَقَامُوا تَتَنَزَّلُ عَلَيْهِمُ الْمَلَائِكَةُ أَلَّا تَخَافُوا وَلَا تَحْزَنُوا ) ਇਨੱਲੱਜ਼ੀਨਾ ਕਾਲੂ ਰਬੁੱਨਲੱਾਹੁ ਸੁਮੱਸੱਤਕਾਮੂ ਤਤਾਨਜ਼ੱਾਲੁ ਅਲੈਹਿਮੁਲ ਮਲਾਇਕਾਤੁ ਅਲੱਾ ਤਖ਼ਾਫੂ ਵਲਾ ਤਹਜ਼ਾਨੂ' ਫ਼ਰਮਾਉਂਦੇ ਹਨ ਕਿ ਇਸ ਤੋਂ ਵੀ ਭਾਵ ਤਕਵਾ (ਸੰਜਮਤਾ) ਹੈ ਅਰਥਾਤ ਉਹ ਲੋਕ ਜਿੰਨ੍ਹਾ ਨੇ ਕਿਹਾ ਕਿ ਅਲੱਾਹ ਸਾਡਾ ਰੱਬ ਹੈ ਅਤੇ ਫਿਰ ਪੱਕੇ ਤੌਰ'ਤੇ ਇਸ ਅਕੀਦੇ ਉਪੱਰ ਕਾਇਮ ਹੋ ਗਏ ਕਿ ਸਾਡਾ ਰੱਬ ਉਹੋ ਹੈ, ਸਾਡੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਉਹੋ ਹੀ ਹੈ ਪਾਲਣ ਵਾਲਾ ਹੈ, ਉਹਨਾਂ'ਤੇ ਫ਼ਰਿਸ਼ਤੇ ਉਤਰਨਗੇ ਇਹ ਕਹਿੰਦਿਆਂ ਹੋਇਆਂ ਕਿ ਡਰੋ ਨ ਅਤੇ ਜੋ ਪਿਛਲੇ ਅਮਲ ਹਨ ਤੁਹਾਡੇ ਉਹਨਾਂ'ਤੇ ਖ਼ੌਫ਼ ਨ ਖਾਓ ਕਿਉਂਕਿ ਹੁਣ ਤੁਸੀਂ ਤਕਵਾ (ਸੰਜਮਤਾ) ਨੂੰ ਧਾਰਨ ਕਰ ਲਿਆ ਹੈ । ਫਿਰ ਅੱਗੇ ਹੈ ( نحن اولياء كم فى الحيوة الدنيا وفى الاخرة ) 'ਨਹਨੁ ਔਲੀਆਉਕੁਮ ਫ਼ਿਲ ਹਯਾਤਿੱਦੁਨੀਆ ਵਫ਼ਿਲ ਆਖ਼ਿਰਾਤਿ' ਦੁਨੀਆ ਤੇ ਆਖ਼ਰਤ ਵਿੱਚ ਅਸੀਂ ਤੁਹਾਡੇ ਵਲੀ (ਸਾਥੀ) ਅਤੇ ਸੁਰੱਖਿਅਕ ਹਾਂ ।

ਸੋ, ਰੱਬ ਗੁਨਾਹ (ਪਾਪ) ਮੁਆਫ਼ ਕਰਦਾ ਹੈ ਪੱਕੇ ਵਿਸ਼ਵਾਸ ਨਾਲ ਨੇਕੀਆਂ ਉਪੱਰ ਕਾਇਮ ਹੋਣ ਵਾਲਿਆਂ ਲਈ ਫਿਰ ਇਹੋ ਨਹੀਂ ਕਿ ਸਗੋਂ ਉਹਨਾਂ ਨੂੰ ਦੁਨੀਆ ਦੀਆਂ ਨੇਮਤਾਂ ਨਾਲ ਵੀ ਨਿਵਾਜ਼ਦਾ ਹੈ ਅਤੇ ਆਖਰਤ ਵਿੱਚ ਵੀ ਮਿਤੱਰ ਤੇ ਸੁਰੱਖਿਆਵਾਨ ਹੁੰਦਾ ਹੈ । ਕਿੰਨ੍ਹੇ ਖ਼ੁਸ਼ਕਿਸਮਤ ਅਸੀਂ ਹਾਂ, ਸਾਡੇ ਵਿੱਚੋਂ ਉਹ ਜੋ ਰਮਜ਼ਾਨ ਵਿੱਚ ਆਪਣੀਆਂ ਹਾਲਤਾਂ ਨੂੰ ਬਦਲਦਿਆਂ ਹੋਇਆ ਪੱਕੇ ਤੌਰ'ਤੇ ਰੱਬ ਦੇ ਆਦੇਸ਼ਾਂ ਅਨੁਸਾਰ ਆਪਣੇ ਜੀਵਨ ਲੰਘਾਉਣ ਵਾਲੇ ਹਨ ਅਤੇ ਇਸ ਜਤਨ ਵਿੱਚ ਹਨ ਕਿ ਆਪਣਾ ਜੀਵਨ ਬਤੀਤ ਕਰਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਸਾਨੂੰ ਮੁਤੱਕੀ (ਸੰਜਮੀ) ਬਨਾਉਣਾ ਚਾਹੁੰਦਾ ਹੈ ਤਾਂ ਜੋ ਉਸ ਦੀਆਂ ਬੇ ਹਿਸਾਬੀ ਮਿਹਰਾਂ ਸਾਡੇ ਉਪੱਰ ਖੁਲੱਣ ਅਤੇ ਰਮਜ਼ਾਨ ਵਿੱਚ ਵਿਸ਼ੇਸ਼ ਰੂਪ ਵਿੱਚ ਆਪਣੀਆਂ ਮਿਹਰਾਂ ਦੇ ਦਰਵਾਜ਼ੇ ਸੰਜਮਤਾ ਧਾਰਣ ਕਰਨ ਵਾਲਿਆਂ ਲਈ ਉਹ ਖੋਲਦਾ ਹੈ । ਮੁਤੱਕੀ ਬਣਨ ਲਈ ਨ ਕੇਵਲ ਬੁਰਾਈਆਂ ਨੂੰ ਛਡੱਣਾ ਹੈ ਸਗੋਂ ਨੇਕੀਆਂ ਵੀ ਧਰਨ ਕਰਨੀਆਂ ਹਨ । ਇਸ ਦੀ ਵਿਆਖਿਆ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੁਤੱਕੀ ਬਣਨ ਲਈ ਇਹ ਜ਼ਰੂਰੀ ਹੈ ਕਿ ਇਸ ਦੇ ਬਾਦ ਕਿ ਮੋਟੀਆਂ ਮੋਟੀਆਂ ਗਲੱਾਂ ਦੇ ਜਿਵੇਂ ਵਿਭਚਾਰ, ਚੋਰੀ, ਲੋਕਾਂ ਦੇ ਹੱਕ ਮਾਰਨੇ, ਕਿਸੇ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾ ਦੇਖਣਾ ਅਤੇ ਕੰਜੂਸੀ ਦਾ ਪੱਕਿਆ ਹੋਵੇ ਤਾਂ ਤਿਆਗ ਕੇ ਕੁਆਚਰਣਾ ਤੋਂ ਗੁਰੇਜ਼ ਕਰਕੇ ਚੰਗੇ ਆਚਰਣ ਅਪਨਾਉਣ ਵਿੱਚ ਤਰੱਕੀ ਕਰੇ । ਲੋਕਾਂ ਨਾਲ ਖਿੜੇ ਮੱਥੇ ਤੇ ਖ਼ੁਸ਼ਖ਼ਲਕੀ ਤੇ ਹਮਦਰਦੀ ਨਾਲ ਪੇਸ਼ ਆਵੇ । ਰੱਬ ਨਾਲ ਸੱਚੀ ਵਫ਼ਦਾਰੀ ਅਤੇ ਸਿਦਕ ਦਿਖਾਵੇ । ਸੇਵਾ ਦੇ ਉਚੱ ਸਥਾਨਾ ਦੀ ਭਾਲ ਕਰੇ । ਇਹਨਾਂ ਗੱਲਾਂ ਨਾਲ ਮਨੁੱਖ ਮੁਤੱਕੀ (ਸੰਜਮੀ) ਅਖਵਾਉਂਦਾ ਹੈ । ਅਤੇ ਜੋ ਲੋਕ ਇਹਨਾਂ ਗਲੱਾਂ ਦੇ ਸਮੂਹ ਹੁੰਦੇ ਹਨ ਉਹੋ ਹੀ ਅਸਲ ਵਿੱਚ ਮੁਤੱਕੀ ਹੁੰਦੇ ਹਨ ਅਰਥਾਤ ਜੇਕਰ ਇਕ ਇਕ ਗੁਣ ਕਿਸੇ ਵਿਚ ਵੱਖਰੇ ਵੱਖਰੇ ਹੋਣ ਤਾਂ ਉਸ ਨੂੰ ਮਤੱਕੀ ਨਹੀਂ ਕਹਾਂਗੇ ਜੱਦ ਤੱਕ ਸਾਮੂਹਿਕ ਰੂਪ ਵਿੱਚ ਸਾਰੇ ਚੰਗੇ ਆਚਰਣ ਉਸ ਵਿੱਚ ਨ ਹੋਣ ਅਤੇ ਅਜਿਹੇ ਹੀ ਵਿਅਕਤੀਆਂ ਲਈ ( لاخوف علیھم ولاھم یحزنون۔) 'ਲਾ ਖ਼ੌਫ਼ੁਨ ਅਲੈਹਿਮ ਵਲਾ ਹੁਮ ਯਹਜ਼ਾਨੂਨ' ਹੈ ਅਤੇ ਇਸ ਦੇ ਬਾਦ ਉਹਨਾਂ ਨੂੰ ਕੀ ਚਾਹੀਦਾ ਹੈ । ਰੱਬ ਅਜਿਹੇ ਲੋਕਾਂ ਦਾ ਵਲੀ ਹੋ ਜਾਂਦਾ ਹੈ ਜਿਵੇਂ ਕਿ ਫ਼ਰਮਾਉਂਦਾ ਹੈ ( وھو یتولی الصلحین) ਵ ਹੁਵਾ ਯਤਾਵਲੱਸੱਾਲਿਹੀਨ'

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਉਦੇ ਹਨ : ਜੋ ਲੋਕ ਨਿਰੀ ਬੈਅਤ ਕਰਕੇ ਇਹ ਚਾਹੁੰਦੇ ਹਨ ਕਿ ਰੱਬ ਦੀ ਪਕੜ ਤੋਂ ਬੱਚ ਜਾਣ ਉਹ ਗ਼ਲਤੀ ਕਰਦੇ ਹਨ, ਉਹਨਾਂ ਨੂੰ ਨਫ਼ਸ (ਆਪੇ) ਨੇ ਧੋਖਾ ਦਿੱਤਾ ਹੈ । ਦੇਖੋ ਵੈਦ ਰੋਗੀ ਨੂੰ ਜਿਸ ਵਜ਼ਨ ਤੱਕ ਦਵਾਈ ਪਿਆਉਣਾ ਚਾਹੁੰਦਾ ਹੈ ਜੇਕਰ ਉਹ ਉਸ ਹੱਦ ਤੱਕ ਨ ਪੀਏ ਤਾਂ ਸਵਸਥ ਹੋਣ ਦੀ ਆਸ ਰਖੱਣੀ ਵਿਅਰਥ ਹੈ । ਸੋ, ਇਸ ਹੱਦ ਤੱਕ ਸਫ਼ਾਈ ਕਰੋ ਅਤੇ ਤਕਵਾ ਧਾਰਣ ਕਰੋ ਜੋ ਰੱਬ ਦੇ ਗ਼ਜ਼ਬ (ਗੁੱਸੇ) ਤੋਂ ਬਚਾਉਣ ਵਾਲਾ ਹੁੰਦਾ ਹੈ । ਫ਼ਰਮਾਇਆ ਅਲੱਾਹ ਤਆਲਾ ਧਿਆਨ ਕਰਨ ਵਾਲਿਆਂ ਉਪੱਰ ਰਹਿਮ ਕਰਦਾ ਹੈ ਕਿਉਂਕਿ ਜੇਕਰ ਅਜਿਹਾ ਨ ਹੁੰਦਾ ਤਾਂ ਦੁਨੀਆ ਵਿੱਚ ਅਨ੍ਹੇਰ ਪੈ ਜਾਂਦਾ । ਫ਼ਰਮਾਇਆ ਕਿ ਮਨੁੱਖ ਜੋ ਮੁਤੱਕੀ ਹੁੰਦਾ ਹੈ ਤਾਂ ਅਲੱਾਹ ਉਸ ਦੇ ਅਤੇ ਉਸ ਦੇ ਹੋਰਨਾ ਵਿੱਚ ਫ਼ੁਰਕਾਨ ਰਖੱ ਦਿੰਦਾ ਹੈ । ਆਪ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਨੂੰ ਡਰਨਾ ਚਾਹੀਦਾ ਹੈ । ਜੇਕਰ ਕਿਸੇ ਵਿੱਚ ਤਕਵਾ ਹੋਵੇ ਜਿਵੇਂ ਕਿ ਰੱਬ ਚਾਹੁੰਦਾ ਹੈ ਤਾਂ ਉਹ

ਬਚਾਇਆ ਜਾਵੇਗਾ । ਇਸ ਸਿਲਸਿਲੇ (ਜਮਾਤ ਅਹਮਦੀਆ) ਨੂੰ ਰੱਬ ਨੇ ਤਕਵਾ ਲਈ ਹੀ ਕਾਇਮ ਕੀਤਾ ਹੈ ਕਿਉਂਕਿ ਤਕਵਾ ਦਾ ਖੇਤਰ ਬਿਲਕੁਲ ਖਾਲੀ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸੋ ਇਕ ਹੋਰ ਰਮਜ਼ਾਨ ਦਾ ਸਾਡੇ ਜੀਵਨ ਵਿੱਚ ਆਉਣਾ ਅਤੇ ਰੱਬ ਦਾ ਇਹ ਫ਼ਰਮਾਉਣਾ ਕਿ ਰਮਜ਼ਾਨ ਇਸ ਲਈ ਆਉਂਦਾ ਹੈ ਕਿ ਤੁਸੀਂ ਤਕਵਾ ਧਾਰਣ ਕਰੋ ਅਤੇ ਹਜ਼ਰਤ ਮਸੀਹ ਮੌਊਦ ਅਲੈਹਿਸਲਮਾ ਦਾ ਇਹ ਫ਼ਰਮਾਉਣਾ ਕਿ ਇਸ ਸਿਲਸਿਲੇ (ਜਮਾਤ ਅਹਮਦੀਆ) ਨੂੰ ਰੱਬ ਨੇ ਤਕਵਾ ਲਈ ਹੀ ਪੈਦਾ ਕੀਤਾ ਹੈ, ਸਾਡੇ ਉਪੱਰ ਵੱਡੀ ਜ਼ਿੱਮੇਦਾਰੀ ਪਾਉਂਦਾ ਹੈ ਕਿ ਅਸੀਂ ਹਰ ਸਮੇਂ ਆਪਣੀਆਂ ਹਾਲਤਾਂ ਦਾ ਨਿਰੀਖਣ ਕਰਦੇ ਰਹੀਏ । ਅਤੇ ਅਲੱਾਹ ਤਆਲਾ ਨੇ ਜੋ ਇਹ ਵਿਸ਼ੇਸ਼ ਮਿਹਰ ਦੇ ਦਿਨ ਰੱਖੇ ਹੋਏ ਹਨ ਇਹਨਾਂ ਵਿੱਚ ਆਪਣੇ ਅੰਦਰ ਅਜਿਹੀਆਂ ਤਬਦੀਲੀਆਂ ਪੈਦਾ ਕਰੀਏ ਅਤੇ ਆਪਣੇ ਤਕਵਾ ਦੇ ਮਿਆਰਾਂ ਨੂੰ ਅਜਿਹਾ ਵਧਾਉਣ ਦਾ ਜਤਨ ਕਰੀਏ ਤਾਂ ਜੋ ਰੱਬ ਸਾਡੇ ਕੋਲੋਂ ਚਾਹੁੰਦਾ ਹੈ ਅਤੇ ਫਿਰ ਰਮਜ਼ਾਨ ਤੱਕ ਹੀ ਸੀਮਤ ਨ ਰਹੀਏ ਸਗੋਂ ਆਪਣੇ ਜੀਵਨ ਦਾ ਇਸ ਨੂੰ ਹਿਸੱਾ ਬਣਾ ਲਈਏ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਖ਼ਵਾਜਾ ਅਹਮਦ ਹੁਸੈਨ ਸਾਹਬ ਦਰਵੇਸ਼ ਦੀ ਨਮਾਜ਼ ਜਨਾਜ਼ਹ ਗ਼ੈਬ ਪੜ੍ਹਾਉਣ ਦਾ ਐਲਾਨ ਕੀਤਾ ਅਤੇ ਆਪ ਦੇ ਸਦਗੁਣਾ ਨੂੰ ਵਰਨਣ ਕੀਤਾ ।

**Khulasa Khutba Jumma 02.06.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131